ਖੇਤਰੀ ਦਫ਼ਤਰ ਪੰਜਾਬ ਸਕੂਲ ਸਿੱਖਿਆ ਬੋਰਡ ਸ੍ਰੀ ਅੰਮ੍ਰਿਤਸਰ ਸਾਹਿਬ

ਯਾਦ ਪੱਤਰ

ਸ੍ਰੀ ਕਾਸ਼ਾ
2/5/16

811
2/5/16

ਸੇਵਾ ਵਿਖੇ

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ),
ਅੰਮ੍ਰਿਤਸਰ।
ਨੰ: 67 ਅਸਰ/ਮਿਤੀ: 29/4/16

ਵਿਸ਼ਾ:- **ਮੈਗਜ਼ੀਨ ਪੰਖੜੀਆਂ ਸਕੂਲਾਂ ਵੱਲੋਂ ਪ੍ਰਾਪਤ ਕਰਨ ਸਬੰਧੀ।**

ਸ੍ਰੀ ਮਾਨ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਛਪਵਾਈ ਗਈ ਮੈਗਜ਼ੀਨ ਪੰਖੜੀਆਂ ਜੋ ਕਿ ਖੇਤਰੀ ਦਫ਼ਤਰ ਅੰਮ੍ਰਿਤਸਰ ਵਿੱਚ ਪਹੁੰਚ ਚੁੱਕੀਆਂ ਹਨ, ਅਜੇ ਵੀ ਬਹੁਤ ਸਾਰੇ ਸਕੂਲਾਂ ਵੱਲੋਂ ਪ੍ਰਾਪਤ ਨਹੀਂ ਕੀਤੀਆਂ ਗਈਆਂ, ਇਸ ਲਈ ਸਕੂਲਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਖੇਤਰੀ ਦਫ਼ਤਰ ਅੰਮ੍ਰਿਤਸਰ ਤੋਂ ਪੰਖੜੀਆਂ ਪ੍ਰਾਪਤ ਕਰਨ ਤਾਂ ਕਿ ਬੱਚਿਆਂ ਨੂੰ ਪ੍ਰੀਖਿਆ ਸਬੰਧੀ ਨੁਕਤਿਆਂ ਤੋਂ ਜਾਣੂ ਕਰਵਾਇਆ ਜਾ ਸਕੇ। ਇਸ ਸਬੰਧੀ ਮਾਣਯੋਗ ਚੇਅਰਪਰਸਨ ਪੰਜਾਬ ਸਕੂਲ ਸਿੱਖਿਆ ਬੋਰਡ ਜੀ ਵੱਲੋਂ ਅਜੇ ਤੱਕ ਸਕੂਲਾਂ ਵੱਲੋਂ ਪੰਖੜੀਆਂ ਨਾ ਪ੍ਰਾਪਤ ਕਰਨ ਬਾਰੇ ਬੜੀ ਗੰਭੀਰਤਾ ਨਾਲ ਲਿਆ ਗਿਆ ਹੈ। ਇਹ ਸੂਚਨਾ ਆਪ ਜੀ ਦੇ ਸਹਿਯੋਗ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੋਟ: ਇਹ ਮੈਗਜ਼ੀਨ ਬਿਨਾਂ ਕੀਮਤ ਤੇ ਵੰਡਿਆ ਜਾ ਰਿਹਾ ਹੈ।

ਵਿਸ਼ਵਾਸ਼ਪਾਤਰ

ਜ਼ਿਲ੍ਹਾ ਮੈਨੇਜਰ 29/4/16
ਪੰਜਾਬ ਸਕੂਲ ਸਿੱਖਿਆ ਬੋਰਡ,
ਖੇਤਰੀ ਦਫ਼ਤਰ, ਅੰਮ੍ਰਿਤਸਰ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ: ਸਿ:) ਅੰਮ੍ਰਿਤਸਰ।
ਪੱਤਰ ਨੰ: ਜੀ-5/2016-3688 ਮਿਤੀ ਅੰਮ੍ਰਿਤਸਰ * 5/5/16

ਉਪਰੋਕਤ ਦਾ ਉਤਾਰਾ ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ ਸ.ਸ.ਸ.ਸ./ਸ.ਹ.ਸ. ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਮੈਗਜ਼ੀਨ ਪੰਖੜੀਆਂ ਖੇਤਰੀ ਦਫ਼ਤਰ ਅੰਮ੍ਰਿਤਸਰ ਤੋਂ ਅੱਜ ਹੀ ਪ੍ਰਾਪਤ ਕੀਤਾ ਜਾਵੇ।
ਇਸਨੂੰ ਅਤੀ ਜ਼ਰੂਰੀ ਸਮਝਿਆ ਜਾਵੇ।

ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ: ਸਿ:)
ਅੰਮ੍ਰਿਤਸਰ। ਮਿਤੀ 5/5/16